ਨਮੂਨਾ ਪ੍ਰਸ਼ਨ ਪੱਤਰ

# ਵਿੱਦਿਅਕ ਸਾਲ 2022-2023

## ਸ਼੍ਰੇਣੀ - ਬਾਰ੍ਹਵੀਂ

## ਵਿਸ਼ਾ - ਖੇਤੀਬਾੜੀ (ਲਿਖਤੀ)

**ਸਮਾਂ : 3 ਘੰਟੇ** **ਕੁੱਲ ਅੰਕ : 70**

**ਭਾਗ - I**

**1. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਠੀਕ ਉੱਤਰ ਚੁਣੋ :**

(i) ਮਿੱਟੀ ਵਿੱਚ ਪਾਏ ਜਾਣ ਵਾਲੇ ਗਲੇ-ਸੜ੍ਹੇ ਜੈਵਿਕ ਪਦਾਰਥਾਂ ਨੂੰ ਕੀ ਕਹਿੰਦੇ ਹਨ ?

(ੳ) ਮੱਲ੍ਹੜ (ਅ) ਜਿਪਸਮ (ੲ) ਚੂਨਾ (ਸ) ਯੂਰੀਆ 1

(ii) ਅਨਾਜ ਵਾਲੀ ਫ਼ਸਲ ਕਿਹੜੀ ਹੈ ?

(ੳ) ਮੂੰਗੀ (ਅ) ਕਣਕ (ੲ) ਸਰ੍ਹੋਂ (ਸ) ਗੰਨਾ 1

(iii) ਸੂਣ ਵਾਲੀ ਲਵੇਰੀ ਨੂੰ ਕਿੰਨੇ ਦਿਨ ਪਹਿਲਾਂ ਦੁੱਧੋਂ ਹਟਾ ਲੈਣਾ ਚਾਹੀਦਾ ਹੈ ?

(ੳ) 25 (ਅ) 60 (ੲ) 30 (ਸ) 40 1

(iv) ਚੂਚਿਆਂ ਨੂੰ ਗਰਮੀ ਦੇਣ ਵਾਲੇ ਯੰਤਰ ਨੂੰ ਕੀ ਕਿਹਾ ਜਾਂਦਾ ਹੈ ?

( ੳ) ਕਲਟੀਵੇਟਰ ( ਅ) ਬਰੂਡਰ ( ੲ) ਬੈਰੋਮੀਟਰ (ਸ) ਲੇਜ਼ਰ ਲੈਵਲਰ 1

(v) ਪੌਦਿਆਂ ਦੇ ਪੱਤਿਆਂ ਵਿੱਚ ਮੌਜੂਦ ਬਾਰੀਕ-ਬਾਰੀਕ ਸਾਹ ਮੋਰੀਆਂ ਨੂੰ ਕੀ ਕਹਿੰਦੇ ਹਨ ?

(ੳ) ਸਟੋਮੈਟਾ (ਅ) ਜਾਈਲਮ (ੲ) ਫਲੋਇਮ (ਸ) ਸਟਿਗਮਾ 1

(vi) ਬੀਜ ਦੇ ਉੱਗਣ ਲਈ ਕਿਹੜੀਆਂ ਸ਼ਰਤਾਂ ਦਾ ਹੋਣਾ ਜ਼ਰੂਰੀ ਹੈ ?

(ੳ) ਪਾਣੀ (ਅ) ਹਵਾ (ੲ) ਗਰਮੀ (ਸ) ਇਹ ਸਾਰੇ 1

(vii) ਥਣਧਾਰੀ ਜੰਤੂਆਂ ਸਾਹ ਪ੍ਰਣਾਲੀ ਦਾ ਮੁੱਖ ਅੰਗ ਕਿਹੜਾ ਹੁੰਦਾ ਹੈ ?

(ੳ) ਗੁਰਦੇ (ਅ) ਫੇਫੜੇ (ੲ) ਦਿਲ (ਸ) ਮਿਹਦਾ 1

(viii) ਕੀੜਿਆਂ ਦੀ ਸੁੰਡੀ ਅਵਸਥਾ ਨੂੰ ਹੋਰ ਕਿਹੜੇ ਨਾਂ ਨਾਲ ਜਾਣਿਆ ਜਾਂਦਾ ਹੈ ?

(ੳ) ਲਾਰਵਾ (ਅ) ਪਿਊਪਾ (ੲ) ਅੰਡਾ (ਸ) ਬਾਲਗ ਕੀੜਾ 1

**2. ਹੇਠ ਲਿਖੀਆਂ ਖ਼ਾਲੀ ਥਾਵਾਂ ਵਿੱਚ ਬਰੈਕਟ ਵਿੱਚੋਂ ਸਹੀ ਸ਼ਬਦ ਚੁਣ ਕੇ ਭਰੋ :**

(i) ਭੂਮੀ ਵਿੱਚ ਚੂਨੇ ਦੀ ਮਾਤਰਾ ਵੱਧ ਹੋਣ ਨਾਲ ਉਸ ਦਾ ਰੰਗ ................... ਹੋ ਜਾਂਦਾ ਹੈ। (ਕਾਲਾ / ਚਿੱਟਾ) 1

(ii) ਮਿਊਰੇਟ ਆਫ ਪੋਟਾਸ਼ ਖਾਦ ਵਿੱਚ ................... ਤੱਤ ਪਾਇਆ ਜਾਂਦਾ ਹੈ। (ਪੋਟਾਸ਼ / ਨਾਈਟਰੋਜਨ) 1

(iii) ਮੱਝ ਦਾ ਗਰਭ ਕਾਲ ................ ਦਿਨ ਦਾ ਹੁੰਦਾ ਹੈ। (210 / 310) 1

(iv) ਮਾਸ ਲਈ ਪਾਲੇ ਜਾਣ ਵਾਲੇ ਚੂਚਿਆਂ ਨੂੰ .................... ਕਹਿੰਦੇ ਹਨ। (ਲੇਅਰਜ / ਬਰਾਇਲਰਜ) 1

(v) ਪੱਥਰਚੱਟ ਦਾ ਨਵਾਂ ਪੌਦਾ ...................... ਰਾਹੀਂ ਤਿਆਰ ਕੀਤਾ ਜਾਂਦਾ ਹੈ। (ਪੱਤੇ / ਬੀਜ) 1

(vi) ਸਾਹ ਕਿਰਿਆ ਦੌਰਾਨ ਪੌਦੇ ................. ਗੈਸ ਲੈਂਦੇ ਹਨ। (ਆਕਸੀਜਨ / ਨਾਈਟਰੋਜਨ)1

Downloaded from cclchapter.com

(vii) ਪਸੀਨਾ .................... ਰਾਹੀਂ ਸਰੀਰ ਵਿੱਚੋਂ ਬਾਹਰ ਨਿਕਲਦਾ ਹੈ। (ਚਮੜੀ / ਫੇਫੜੇ) 1

(viii) ਰੇਸ਼ਮ ਦੇ ਕੀੜੇ ਦੇ ਸਰੀਰ ਵਿੱਚ ਮੌਜੂਦ ................ ਗ੍ਰੰਥੀ ਤੋਂ ਰੇਸ਼ਮ ਬਣਦਾ ਹੈ। (ਰੇਸ਼ਮ / ਸ਼ਹਿਦ) 1

**3. ਹੇਠ ਲਿਖੇ ਕਥਨਾਂ ਵਿੱਚੋਂ ਸਹੀ / ਗਲਤ ਚੁਣੋ :**

(i) ਰੇਤਲੀ ਮਿੱਟੀ ਦੇ ਕਣ ਮੋਟੇ ਹੁੰਦੇ ਹਨ। 1

(ii) ਕਣਕ ਸਾਉਣੀ ਰੁੱਤ ਦੀ ਫ਼ਸਲ ਹੈ। 1

(iii) ਬਾਜਰਾ ਅਤੇ ਜਵਾਰ ਤੇਲ ਬੀਜ ਵਾਲੀਆਂ ਫ਼ਸਲਾਂ ਹਨ। 1

(iv) ਮੁਰਗੀ ਦੇ ਇੱਕ ਆਂਡੇ ਦਾ ਔਸਤਨ ਭਾਰ 56 ਗ੍ਰਾਮ ਹੁੰਦਾ ਹੈ। 1

(v) ਵਧੀਆ ਨਸਲ ਦੀ ਮੱਝ ਦੀ ਚਮੜੀ ਪਤਲੀ ਹੁੰਦੀ ਹੈ। 1

(vi) ਗਾਂ ਦੇ ਦੁੱਧ ਵਿੱਚ ਥਿੰਧਿਆਈ (ਫੈਟ) ਮੱਝ ਦੇ ਦੁੱਧ ਨਾਲੋਂ ਵੱਧ ਹੁੰਦੀ ਹੈ। 1

(vii) ਖਰਗੋਸ਼ ਨੂੰ ਉੱਨ ਅਤੇ ਮੀਟ ਪ੍ਰਾਪਤ ਕਰਨ ਲਈ ਪਾਲਿਆ ਜਾਂਦਾ ਹੈ। 1

(viii) ਹਾਨੀਕਾਰਕ ਕੀੜੇ ਅਤੇ ਬਿਮਾਰੀਆਂ ਫ਼ਸਲਾਂ ਨੂੰ ਲਾਭ ਪਹੁੰਚਾਉਂਦੇ ਹਨ। 1

**4. ਸਹੀ ਮਿਲਾਨ ਕਰੋ :**

| | | | | |
|---|---|---|---|---|
| (i) | ਪੌਦਿਆਂ ਲਈ ਜ਼ਰੂਰੀ ਮੁੱਖ ਖੁਰਾਕੀ ਤੱਤ | (ੳ) | ਆਂਡਾ, ਲਾਰਵਾ, ਪਿਊਪਾ ਅਤੇ ਬਾਲਗ ਕੀਟ | 1 |
| (ii) | ਹਰੇ ਚਾਰੇ ਦਾ ਆਚਾਰ | (ਅ) | ਪਰਾਗ ਕੋਸ਼ | 1 |
| (iii) | ਫੁੱਲ ਦਾ ਨਰ ਭਾਗ | (ੲ) | ਸਾਈਲੇਜ | 1 |
| (iv) | ਕੀੜੇ (ਕੀਟ) ਦੇ ਜੀਵਨ ਚੱਕਰ ਦੀਆਂ ਅਵਸਥਾਵਾਂ | (ਸ) | ਨਾਈਟਰੋਜਨ ਅਤੇ ਫਾਸਫੋਰਸ | 1 |

**ਭਾਗ - II**

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਵਾਕਾਂ ਵਿੱਚ ਦਿਓ :**

**5.** ਪੌਦੇ ਦੇ ਵਾਧੇ ਲਈ ਨਾਈਟਰੋਜਨ ਦੇ ਕੋਈ ਦੋ ਕੰਮ ਲਿਖੋ। **2**

**6.** ਪਨੀਰੀ ਲਗਾ ਕੇ ਉਗਾਈਆਂ ਜਾ ਸਕਣ ਵਾਲੀਆਂ ਕਿਸੇ ਚਾਰ ਸਬਜ਼ੀਆਂ ਦੇ ਨਾਂ ਲਿਖੋ। **2**

**7.** ਕਿਸੇ ਦੋ ਮਿਸ਼ਰਿਤ ਖਾਦਾਂ ਦੇ ਨਾਂ ਲਿਖੋ। **2**

**8.** ਕਿਹੜੇ ਦੋ ਢੰਗਾਂ ਨਾਲ ਫ਼ਸਲ ਦੀ ਵੱਧ ਪੈਦਾਵਾਰ (ਉਪਜ) ਲਈ ਜਾ ਸਕਦੀ ਹੈ ? **2**

**9.** ਦੁੱਧ ਚੋਣ ਤੋਂ ਬਾਅਦ ਦੁੱਧ ਦੀ ਸੰਭਾਲ ਕਿਵੇਂ ਕੀਤੀ ਜਾਂਦੀ ਹੈ ? **2**

**10.** ਮੁਰਗੀਆਂ ਦੀਆਂ ਚੁੰਝਾਂ ਕੱਟਣ ਦੇ ਕੋਈ ਦੋ ਲਾਭ ਲਿਖੋ। **2**

**11.** ਮੀਟ ਅਤੇ ਆਂਡੇ ਕਿਹੜੇ ਧੰਦੇ ਤੋਂ ਪ੍ਰਾਪਤ ਕੀਤੇ ਜਾਂਦੇ ਹਨ ? **2**

**12.** ਪਸ਼ੂਆਂ ਦੇ ਗੋਹੇ ਦੀ ਸਹੀ ਸੰਭਾਲ ਕਿਵੇਂ ਕਰਨੀ ਚਾਹੀਦੀ ਹੈ ? **2**

**13.** ਪ੍ਰਕਾਸ਼ ਸੰਸ਼ਲੇਸ਼ਣ ਦੌਰਾਨ ਹੋਣ ਵਾਲੀਆਂ ਦੋ ਰਸਾਇਣਕ ਕਿਰਿਆਵਾਂ ਦੇ ਨਾਂ ਲਿਖੋ। **2**

**14.** ਨਿਸ਼ੇਚਨ ਤੋਂ ਕੀ ਭਾਵ ਹੈ ? **2**

**15.** ਫ਼ਸਲ ਸੁਰੱਖਿਆ ਤੋਂ ਕੀ ਭਾਵ ਹੈ ? **2**

Downloaded from cclchapter.com

## ਭਾਗ - III

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਪੰਜ-ਛੇ ਵਾਕਾਂ ਵਿੱਚ ਦਿਓ :**

16. ਹਵਾ ਰਾਹੀਂ ਭੂਮੀ ਨੂੰ ਖੁਰਨ ਤੋਂ ਰੋਕਣ ਲਈ ਕੀਤੇ ਜਾਣ ਵਾਲੇ ਕੋਈ ਪੰਜ ਉਪਾਅ ਲਿਖੋ । 5

ਜਾਂ

ਮੂੰਗੀ ਦੀ ਖੇਤੀ ਦਾ ਸੰਖੇਪ ਵੇਰਵਾ ਹੇਠ ਲਿਖੇ ਅਨੁਸਾਰ ਦਿਓ :

( ੳ) ਉੱਨਤ ਕਿਸਮ ( ਅ) ਬੀਜ ਦੀ ਮਾਤਰਾ ( ੲ) ਬੀਜਾਈ ਦਾ ਸਮਾਂ

( ਸ) ਝਾੜ (ਹ) ਵਾਢੀ 5

17. ਇੱਕ ਚੰਗਾ ਪਸ਼ੂ ਘਰ (ਡੇਅਰੀ ਫਾਰਮ) ਬਣਾਉਂਦੇ ਸਮੇਂ ਕਿਹੜੀਆਂ ਪੰਜ ਮੁੱਖ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ? 5

ਜਾਂ

ਇੱਕ ਆਦਰਸ਼ ਮੁਰਗੀ ਖਾਨੇ (ਪੋਲਟਰੀ ਫਾਰਮ) ਵਿੱਚ ਕਿਹੜੀਆਂ ਪੰਜ ਮੁੱਖ ਸਹੂਲਤਾਂ ਹੋਣੀਆਂ ਚਾਹੀਦੀਆਂ ਹਨ ? 5

18. ਉਤਵੈਦਨ (ਵਾਸ਼ਪ ਉਤਸਰਜਨ) ਕਿਰਿਆ ਨਾਲ ਪੌਦਿਆਂ ਨੂੰ ਹੋਣ ਵਾਲੇ ਕੋਈ ਪੰਜ ਲਾਭ ਲਿਖੋ । 5

ਜਾਂ

ਸਵੈ-ਪਰਾਗਣ ਪੌਦਿਆਂ ਦੇ ਕੋਈ ਪੰਜ ਲੱਛਣ ਲਿਖੋ । 5

19. ਸ਼ਹਿਦ ਦੀਆਂ ਮੱਖੀਆਂ ਪਾਲਣ ਦੇ ਕੋਈ ਪੰਜ ਲਾਭ ਲਿਖੋ । 5

ਜਾਂ

ਥਣਧਾਰੀ ਜੰਤੂਆਂ ਦੇ ਕੋਈ ਪੰਜ ਲੱਛਣ ਲਿਖੋ । 5

*****************************

Downloaded from cclchapter.com